ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.),ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8,ਐਸ. ਏ. ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

ਹੁਕਮ ਨੰ:5/24-2013ਦਅ(2)
ਮਿਤੀ:23.01.2013

ਸ੍ਰੀ ਗੁਰਿੰਦਰ ਸਿੰਘ, ਕਲੱਰਕ, ਸਸਸਸ ਸਰਦੂਲਗੜ੍ਹ (ਮਾਨਸਾ), ਹੁਣ ਸਸਸਸ ਨੂਰ ਮਹਿਲ(ਜਲੰਧਰ) ਵਿਰੁੱਧ ਐਫ.ਆਈ.ਆਰ. ਨੰ: 30 ਮਿਤੀ 08.11.2005 ਅ/ਧ 467,468,471,409, 120-ਬੀ.ਆਈ.ਪੀ.ਸੀ ਅਤੇ ਧਾਰਾ 13(1)ਡੀ.ਰੈਡ.ਵਿਦ 13(2) ਪੀ.ਸੀ.ਐਕਟ 1988 ਥਾਣਾ ਵਿਜੀਲੈਂਸ ਬਿਊਰੋ ਬਠਿੰਡਾ ਦਰਜ ਹੋਈ ਸੀ ਜਿਸ ਵਿੱਚ ਕਰਮਚਾਰੀ ਵਿਰੁੱਧ ਪ੍ਰੀਖਿਆਵਾਂ ਸਤੰਬਰ 2003 ਵਿੱਚ ਬਾਰ੍ਹਵੀਂ ਜਮਾਤ ਦੀਆਂ ਉੱਤਰ ਪੱਤਰੀਆਂ ਗੁੰਮ ਕਰਨ ਦਾ ਦੋਸ਼ ਸੀ।

ਮਾਨਯੋਗ ਸਪੈਸ਼ਲ ਜੱਜ ਮਾਨਸਾ ਦੀ ਅਦਾਲਤ ਵੱਲੋਂ ਇਸ ਕਰਮਚਾਰੀ ਨੂੰ ਮਿਤੀ 21.01.2011 ਨੂੰ ਕੇਸ ਦਾ ਫੈਸਲਾ ਦਿੰਦੇ ਹੋਏ ਇੱਕ ਸਾਲ ਦੀ ਕੈਦ ਅਤੇ 5000/-ਰੁ: ਜੁਰਮਾਨਾ ਕੀਤਾ ਹੈ, ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿੱਚ 15 ਦਿਨਾਂ ਦੀ ਹੋਰ ਸਜਾ ਕੱਟਣ ਦੇ ਆਦੇਸ਼ ਵੀ ਦਿੱਤੇ ਹਨ। ਇਸ ਫੈਸਲੇ ਵਿਰੁੱਧ ਕਰਮਚਾਰੀ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਕਰੀਮੀਨਲ ਮਿਸਲੇਨੀਅਸ ਅਪੀਲ ਨੰ: 354-ਐਸ.ਬੀ ਆਫ 2011 ਦਾਇਰ ਕੀਤੀ ਗਈ ਅਤੇ ਸਜਾ ਤੇ ਰੋਕ ਲਗਾਉਣ ਸਬੰਧੀ ਕਰੀਮੀਨਲ ਮਿਸਲੇਨੀਅਸ ਨੰ:7022-23 ਆਫ 2011 ਦਾਇਰ ਕੀਤੀ ਗਈ ਸੀ। ਮਾਨਯੋਗ ਹਾਈ ਕੋਰਟ ਵੱਲੋਂ ਇਸ ਕੇਸ ਦਾ ਫੈਸਲਾ ਮਿਤੀ 14.02.2011 ਨੂੰ ਕਰਦੇ ਹੋਏ ਇਸ ਕਰਮਚਾਰੀ ਦੀ ਸਜਾ ਸਸਪੈਂਡ ਕੀਤੀ ਗਈ ਹੈ ਪਰ ਇਸ ਨੂੰ ਦੋਸ਼ ਮੁਕਤ ਨਹੀਂ ਕੀਤਾ ਗਿਆ।

ਇਸ ਕਰਮਚਾਰੀ ਨੂੰ ਭਾਰਤੀ ਦੰਡਾਂ-ਵਲੀ 40 ਏ. ਅਧੀਨ ਸਜਾ ਸੁਣਾਈ ਗਈ ਹੈ। ਕਿਉਂਕਿ ਕਰਮਚਾਰੀ ਨੂੰ ਹੇਰਾ-ਫੇਰੀ ਕਰਨ ਅਤੇ ਸਰਕਾਰੀ ਰਿਕਾਰਡ ਦੀ ਭੰਨ-ਤੋੜ/ਗੁੰਮ ਕਰਨ ਵਰਗੇ ਸੰਗੀਨ ਜੁਰਮਾਂ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਸ ਲਈ ਉਸ ਨੂੰ ਸਰਕਾਰੀ ਸੇਵਾ ਵਿੱਚ ਚਾਲੂ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 13.1 ਤਹਿਤ ਮੇਰੀ ਤਸੱਲੀ ਹੋ ਗਈ ਹੈ ਕਿ ਫੌਜਦਾਰੀ ਮੁਕੱਦਮੇਂ ਵਿੱਚ ਕਰਮਚਾਰੀ ਦੇ ਆਚਰਨ ਕਾਰਨ ਉਸ ਨੂੰ ਸੰਗੀਨ ਜੁਰਮਾਂ ਵਿੱਚ ਦੋਸ਼ੀ ਠਹਿਰਾਏ ਜਾਣ ਕਾਰਨ ਉਸ ਨੂੰ ਸਜਾ ਦੇਣ ਤੋਂ ਪਹਿਲਾਂ ਉਪਰੋਕਤ ਨਿਯਮਾਂ ਦੇ ਨਿਯਮ 8 ਅਧੀਨ ਹੋਰ ਵਿਭਾਗੀ ਪੜਤਾਲ ਕਰਵਾਉਣ ਦੀ ਕੋਈ ਜਰੂਰਤ ਨਹੀਂ ਹੈ। ਇਨ੍ਹਾਂ ਕਾਰਨਾਂ ਕਰਕੇ ਸ੍ਰੀ ਗੁਰਿੰਦਰ ਸਿੰਘ, ਕਲੱਰਕ ਹੁਣ ਸਸਸਸ ਨੂਰ ਮਹਿਲ (ਜਲੰਧਰ) ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮ 1970 ਦੇ ਰੂਲ 5(ix) ਤਹਿਤ ਵਾਹਿਦ ਸਜਾ ਦਿੰਦੇ ਹੋਏ ਤੱਤਕਾਲ ਸੇਵਾ ਤੋਂ ਬਰਖਾਸਤ ਕੀਤਾ ਜਾਂਦਾ ਹੈ ਅਤੇ ਕਰਮਚਾਰੀ ਨੂੰ ਭਵਿੱਖ ਵਿੱਚ ਕੋਈ ਵੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਅਯੋਗ ਠਹਿਰਾਇਆ ਜਾਂਦਾ ਹੈ।

ਡਾ. ਕਮਲ ਕੁਮਾਰ
ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿੱ.) ਪੰਜਾਬ

ਪਿੱਠ ਅੰਕਣ ਨੰ: ਉਕਤ 457-60 ਮਿਤੀ:23.01.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ,ਸਕੂਲ ਸਿੱਖਿਆ,ਪੰਜਾਬ, ਸੈਕਟਰ-34, ਚੰਡੀਗੜ੍ਹ।
2. ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਮਾਨਸਾ ਅਤੇ ਜਲੰਧਰ
3. ਸ੍ਰੀ ਗੁਰਿੰਦਰ ਸਿੰਘ, ਕਲੱਰਕ, ਸਸਸਸ ਸਰਦੂਲਗੜ੍ਹ (ਮਾਨਸਾ) ਹੁਣ ਸਸਸਸ ਨੂਰ ਮਹਿਲ (ਜਲੰਧਰ)

ਅਮਲਾ ਅਫਸਰ